BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਐਜ਼ਿਥਰੋਮਾਈਸਿਨ
# Azithromycin

ਐਜ਼ਿਥਰੋਮਾਈਸਿਨ ਇੱਕ ਐਂਟੀਬਾਇਓਟਿਕ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਲਈ ਮੂੰਹ ਰਾਹੀਂ ਲਿਆ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ ਐਜ਼ਿਥਰੋਮਾਈਸਿਨ (Z-pak® – ਜ਼ੈਡ-ਪੈਕ, Zithromax® – ਜ਼ਿਥਰੋਮੈਕਸ), ਐਰਿਥਰੋਮਾਈਸਿਨ ਜਾਂ ਕਲੈਰਿਥਰੋਮਾਈਸਿਨ (Biaxin® – ਬਾਇਐਕਸਿਨ) ਜਿਹੇ ਕਿਸੇ **ਮਾਇਕ੍ਰੋਲਾਈਡ ਐਂਟੀਬਾਇਓਟਿਕ** ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਐਜ਼ਿਥਰੋਮਾਈਸਿਨ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

## ਸਾਵਧਾਨੀ (CAUTION)

- ਐਜ਼ਿਥਰੋਮਾਈਸਿਨ ਦੇ ਨਾਲ **ਕੋਈ ਵੀ ਅਜਿਹੀਆਂ ਐਂਟੀਐਸਿਡ (ਖਟਾਸ ਵਿਰੋਧੀ ਦਵਾਈਆਂ) ਨਾ ਲਓ ਜਿਨ੍ਹਾਂ ਵਿੱਚ ਅਲੂਮਨਮ ਅਤੇ/ਜਾਂ ਮੈਗਨੀਸੀਅਮ ਹੁੰਦਾ ਹੈ।** ਇਨ੍ਹਾਂ ਵਿੱਚ ਘੱਟੋ-ਘੱਟ ਦੋ ਘੰਟੇ ਦੀ ਵਿੱਥ ਰੱਖੋ।
- **ਜੇ ਤੁਹਾਨੂੰ ਪਹਿਲਾਂ ਤੋਂ ਹੀ ਦਿਲ ਸੰਬੰਧੀ ਕੋਈ ਤਕਲੀਫ਼, ਐਰਿਥਮੀਆ (ਦਿਲ ਦੀ ਧੜਕਣ ਵਿੱਚ ਬੇਨੇਮੀ) ਜਾਂ ਇਲੈਕਟ੍ਰੋਲਾਈਟ ਵਿਗਾੜ ਹੈ (ਜਿਵੇਂ ਕਿ ਬ੍ਰੈਡੀਕਾਰਡੀਆ, ਕਿਊ.ਟੀ. ਪ੍ਰੋਲੌਂਗੇਸ਼ਨ, ਹਾਈਪੋਕੈਲੀਮੀਆ, ਹਾਈਪੋਮੈਗਨੀਸੀਮੀਆ) ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।**
- **ਐਜ਼ਿਥਰੋਮਾਈਸਿਨ ਲੈਂਦੇ ਹੋਏ ਕਿਰਪਾ ਕਰਕੇ ਹੇਠ ਲਿਖੀਆਂ ਦਵਾਈ(ਆਂ) ਨਾ ਲਓ:**
  - **ਮਨੋਰੋਗ-ਵਿਰੋਧੀ ਦਵਾਈਆਂ (ਐਂਟੀਸਾਇਕੌਟਿਕ):** ਪਿਮੋਜ਼ਾਈਡ (ਓਰੈਪ – Orap®), ਜ਼ਿਪਰਾਸੀਡੋਨ (Zeldox® – ਜ਼ੈਲਡੌਕਸ)
  - **ਐਂਟੀਵਾਇਰਲ: ਸੈਕੁਈਨਾਵੀਰ (ਇਨਵੀਰੇਸ– Invirase®)**
  - **ਦਿਲ ਦੀਆਂ ਦਵਾਈਆਂ:** ਡਰੋਨਡਾਰੋਨ (Multaq® – ਮੁਲਟੈਕ)
  - **ਮਾਈਗਰੇਨ ਦੀਆਂ ਦਵਾਈਆਂ:** ਡੀਹਾਈਡ੍ਰੋਐਰਗੋਟਾਮਾਈਨ (Migranal® – ਮਿਗਰੈਨਲ), (Cafergot® – ਕੈਫ਼ੇਰਗੌਟ)
- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

## ਮਾੜੇ ਪ੍ਰਭਾਵ (Side Effects)

- ਦਸਤ ਲੱਗਣੇ, ਜੀਅ ਕੱਚਾ ਹੋਣਾ, ਢਿੱਡ ਵਿੱਚ ਦਰਦ ਜਾਂ ਉਲਟੀਆਂ ਆ ਸਕਦੀਆਂ ਹਨ।

# ਐਜ਼ਿਥਰੋਮਾਈਸਿਨ (ਜਾਰੀ)
# Azithromycin (cont'd)

## ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਐਜ਼ਿਥਰੋਮਾਈਸਿਨ ਨੂੰ ਭੋਜਨ ਦੇ ਨਾਲ ਜਾਂ ਭੋਜਨ ਤੋਂ ਬਿਨਾਂ ਲਿਆ ਜਾ ਸਕਦਾ ਹੈ।
- ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਵਾਈ ਦੀ ਖ਼ੁਰਾਕ ਸੰਬੰਧੀ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਨੂੰ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਸ ਬਾਰੇ ਸਲਾਹ ਨਹੀਂ ਦਿੱਤੀ ਜਾਂਦੀ, **ਅਤੇ**
  - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਵੀ ਕਰ ਦਿੱਤਾ ਗਿਆ ਹੈ **ਅਤੇ** ਉਨ੍ਹਾਂ ਦਾ ਟ੍ਰੀਟਮੈਂਟ ਸ਼ੁਰੂ ਹੋਇਆਂ ਇੱਕ ਹਫ਼ਤਾ ਹੋ ਚੁੱਕਾ ਹੈ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।

- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ
www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।



Provincial Health Services Authority
Province-wide solutions.
Better health.
ACCREDITED · AGRÉÉ · CCHSA · CCASS
*A research and teaching centre affiliated with UBC*